# News Release

City of Mississauga
300 City Centre Drive
Mississauga, ON L5B 3C1

mississauga.ca facebook.com/citymississauga twitter.com/citymississauga

13 ਜੁਲਾਈ, 2022

## ਹੁਣ 2022 ਦੀਆਂ ਮਿਊਨਿਸਿਪਲ ਚੋਣਾਂ ਲਈ ਚੋਣ ਵਰਕਰਾਂ ਦੀ ਭਰਤੀ ਕੀਤੀ ਜਾ ਰਹੀ ਹੈ

City of Mississauga ਦਾ ਇਲੈਕਸ਼ਨਸ ਆਫਿਸ ਹੁਣ ਚੋਣ ਵਰਕਰਾਂ ਦੀ ਭਰਤੀ ਕਰ ਰਿਹਾ ਹੈ, ਤਾਂ ਜੋ ਚੋਣਾਂ ਵਾਲੇ ਦਿਨ, 24 ਅਕਤੂਬਰ, 2022 ਨੂੰ ਭੁਗਤਾਨ ਵਾਲੇ ਕਈ ਤਰ੍ਹਾਂ ਦੇ ਅਹੁਦਿਆਂ ਨੂੰ ਭਰਿਆ ਜਾ ਸਕੇ।

Diana Rusnov, ਸਿਟੀ ਕਲਰਕ ਅਤੇ ਡਾਇਰੈਕਟਰ, Legislative Services ਨੇ ਆਖਿਆ, "ਮਿਊਨਿਸਿਪਲ ਚੋਣਾਂ ਵਿੱਚ ਕੰਮ ਕਰਨਾ, ਤੁਹਾਡੀ ਕਮਿਊਨਿਟੀ ਨਾਲ ਜੁੜਨ ਦਾ ਸ਼ਾਨਦਾਰ ਤਰੀਕਾ ਹੈ। ਯੋਗ ਹੋਣ ਲਈ, ਲਾਜ਼ਮੀ ਹੈ ਕਿ ਤੁਹਾਡੀ ਉਮਰ ਘੱਟੋ-ਘੱਟ 16 ਸਾਲ ਹੋਵੇ, ਤੁਸੀਂ ਕੈਨੇਡਾ ਵਿੱਚ ਕਨੂੰਨੀ ਤੌਰ ਤੇ ਕੰਮ ਕਰਨ ਦੇ ਹੱਕਦਾਰ ਹੋਵੋ ਅਤੇ ਤੁਹਾਡੀ ਨਿੱਜੀ ਈਮੇਲ ਪਤੇ ਤੱਕ ਪਹੁੰਚ ਹੋਵੇ, ਜੋ ਸਾਂਝਾ ਨਹੀਂ ਕੀਤਾ ਜਾਂਦਾ ਹੈ।" ਉਹਨਾਂ ਨੇ ਅੱਗੇ ਕਿਹਾ, "ਇਛੁੱਕ ਵਿਅਕਤੀ ਇਕੱਲੇ ਜਾਂ ਪਰਿਵਾਰਕ ਮੈਂਬਰਾਂ ਜਾਂ ਦੋਸਤਾਂ ਦੇ ਨਾਲ, 'ਗਰੁੱਪ' ਵਜੋਂ ਵੀ ਅਪਲਾਈ ਕਰ ਸਕਦੇ ਹਨ, ਜੋ ਤੁਹਾਨੂੰ ਸਾਰਿਆਂ ਨੂੰ ਇੱਕੋ ਵੋਟਿੰਗ ਥਾਂ ਤੇ ਇਕੱਠੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਅਸੀਂ ਜਲਦੀ ਤੋਂ ਜਲਦੀ ਉਹਨਾਂ ਬੇਨਤੀਆਂ ਨੂੰ ਪੂਰਾ ਕਰਨ ਲਈ ਮਿਹਨਤ ਕਰ ਰਹੇ ਹਾਂ।"

ਉਪਲਬਧ ਅਹੁਦਿਆਂ ਵਿੱਚ ਸ਼ਾਮਲ ਹਨ:

**ਡਿਪਟੀ ਰਿਟਰਨਿੰਗ ਅਫਸਰ**

- ਮਤਦਾਤਾਵਾਂ ਦੀ ਪਛਾਣ ਦੀ ਤਸਦੀਕ ਕਰਨਾ
- ਯੋਗ ਮਤਦਾਤਾਵਾਂ ਨੂੰ ਮਤਦਾਨ-ਪਰਚੀ ਜਾਰੀ ਕਰਨਾ
- ਮਤਦਾਤਾਵਾਂ ਦੇ ਨਾਮ, ਇਲੈਕਟ੍ਰੋਨਿਕ ਵੋਟਰਸ ਸੂਚੀ ਵਿੱਚੋਂ ਹਟਾਉਣ ਲਈ ਕੰਪਿਊਟਰ ਐਪਲੀਕੇਸ਼ਨ ਵਰਤਣਾ
- ਲੋੜ ਪੈਣ ਤੇ ਵੋਟਰਸ ਸੂਚੀ ਵਿੱਚ ਸੋਧ ਕਰਨਾ

ਡਿਪਟੀ ਰਿਟਰਨਿੰਗ ਅਫਸਰ ਲਈ ਲਾਜ਼ਮੀ ਹੈ ਕਿ ਉਸਨੂੰ ਲੈਪਟੌਪ ਵਰਤਣ ਦਾ ਅਨੁਭਵ ਹੋਵੇ, ਵੇਰਵਿਆਂ ਤੇ ਠੋਸ ਧਿਆਨ ਦੇਵੇ ਅਤੇ ਕਾਫੀ ਵੱਧ ਸਮੇਂ ਤੱਕ ਬੈਠ ਕੇ ਲੈਪਟੌਪ ਤੇ ਕੰਮ ਕਰ ਸਕਦਾ ਹੋਵੇ।

**ਓਪਰੇਟਰ**

- ਵੋਟ ਟੈਬੁਲੇਟਰ ਦੇ ਦੁਆਰਾ ਨਿਸ਼ਾਨ ਲਗਾਈਆਂ ਗਈਆਂ ਮਤਦਾਤਾ-ਪਰਚੀਆਂ ਫੀਡ ਕਰਨਾ
- ਇਹ ਯਕੀਨੀ ਬਣਾਉਣਾ ਕਿ ਵੋਟ ਟੈਬੁਲੇਟਰ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ
- ਵੋਟ ਟੈਬੁਲੇਟਰ ਕਿਸੇ ਨਿਯਤ ਥਾਂ ਤੇ ਲਿਜਾਣਾ/ਤੋਂ ਲੈਣਾ ਅਤੇ ਵਾਪਸ ਕਰਨਾ
- ਵੋਟਿੰਗ ਥਾਂ ਨੂੰ ਸੈੱਟ ਅਪ, ਖੋਲ੍ਹਣ ਅਤੇ ਬੰਦ ਕਰਨ ਵਿੱਚ ਸਹਾਇਤਾ ਕਰਨਾ

ਓਪਰੇਟਰਾਂ ਕੋਲ ਲਾਜ਼ਮੀ ਤੌਰ ਤੇ ਵੈਧ ਡ੍ਰਾਈਵਿੰਗ ਲਾਇਸੈਂਸ ਹੋਵੇ ਅਤੇ ਚੋਣਾਂ ਵਾਲੇ ਦਿਨ, ਵੋਟਿੰਗ ਥਾਂ ਤੇ ਵੋਟ ਟੈਬੁਲੇਟਰ ਲਿਆਉਣ-ਲਿਜਾਣ ਵਾਸਤੇ, ਇੱਕ ਵਾਹਨ ਤੱਕ ਪਹੁੰਚ ਹੋਵੇ। ਉਹ ਕਾਫੀ ਲੰਮੇ ਸਮੇਂ ਤੱਕ ਖੜ੍ਹੇ ਰਹਿਣ ਦੇ ਯੋਗ ਵੀ ਹੋਣੇ ਲਾਜ਼ਮੀ ਹਨ।

**ਇਨਫਰਮੇਸ਼ਨ ਅਫਸਰ**

- ਵੋਟਿੰਗ ਥਾਂ ਤੇ ਪ੍ਰਵੇਸ਼-ਦੁਆਰ ਵਿਖੇ ਸੁਆਗਤ ਕਰਨ ਵਜੋਂ ਕੰਮ ਕਰਨਾ
- ਇਹ ਯਕੀਨੀ ਬਣਾਉਣਾ ਕਿ ਮਤਦਾਤਾਵਾਂ ਕੋਲ ਵੋਟਰ ਨੋਟੀਫਿਕੇਸ਼ਨ ਕਾਰਡ ਅਤੇ/ਜਾਂ ਪਛਾਣ ਪੱਤਰ ਹੈ
- ਵੋਟਿੰਗ ਥਾਂ ਨੂੰ ਸੈੱਟ ਅਪ, ਖੋਲ੍ਹਣ ਅਤੇ ਬੰਦ ਕਰਨ ਵਿੱਚ ਸਹਾਇਤਾ ਕਰਨਾ

ਚੋਣਾਂ ਵਾਲੇ ਦਿਨ ਨੂੰ ਸਾਰੇ ਵਰਕਰਾਂ ਲਈ ਸਮਾਂ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਹੈ। ਇਸਤੋਂ ਇਲਾਵਾ, ਵਰਕਰਾਂ ਲਈ ਇੰਸਟ੍ਰਕਟਰ ਦੀ ਅਗਵਾਈ ਵਾਲਾ ਵਰਚੁਅਲ ਟ੍ਰੇਨਿੰਗ ਸੈਸ਼ਨ ਪੂਰਾ ਕਰਨਾ ਜ਼ਰੂਰੀ ਹੈ, ਜੋ ਲਗਭਗ ਦੋ ਘੰਟਿਆਂ ਦਾ ਅਤੇ ਅਹੁਦੇ ਦੇ ਅਧਾਰ ਤੇ, ਇੱਕ ਔਨਲਾਈਨ ਟ੍ਰੇਨਿੰਗ ਮਾੱਡਿਊਲ ਹੈ। ਅਹੁਦਿਆਂ ਅਤੇ ਮੁਆਵਜ਼ੇ ਬਾਰੇ ਹੋਰ ਜਾਣਕਾਰੀ ਲਈ, election worker webpage ਤੇ ਜਾਓ।

ਕਾਉਂਸਿਲ ਉਮੀਦਵਾਰ ਵਜੋਂ ਚੋਣਾਂ ਲੜਣ ਦੇ ਇਛੁੱਕ ਵਿਅਕਤੀਆਂ ਲਈ, ਸਿਟੀ ਇਸ ਸਮੇਂ ਸ਼ੁੱਕਰਵਾਰ, 19 ਅਗਸਤ ਦੁਪਹਿਰ 12 ਵਜੇ ਤੱਕ, candidate nominations ਸਵੀਕਾਰ ਕਰ ਰਹੀ ਹੈ।

ਮਿਊਨਿਸਿਪਲ ਚੋਣਾਂ, ਓਨਟੈਰੀਓ ਦੇ ਮਿਊਨਿਸਿਪਲ ਇਲੈਕਸ਼ਨਸ ਐਕਟ, 1996 ਦੇ ਮੁਤਾਬਕ, ਹਰ ਚਾਰ ਸਾਲਾਂ ਵਿੱਚ ਹੁੰਦੀਆਂ ਹਨ। Mississauga ਵਿੱਚ, ਮਤਦਾਤਾ, ਮੇਅਰ, ਵਾਰਡ/ਰੀਜਨਲ ਕਾਉਂਸਲਰਾਂ ਅਤੇ ਸਕੂਲ ਬੋਰਡ ਟ੍ਰਸਟੀਜ ਲਈ ਵੋਟ ਪਾਉਂਦੇ ਹਨ।

2022 ਦੀਆਂ ਮਿਊਨਿਸਿਪਲ ਚੋਣਾਂ ਬਾਰੇ ਜਾਣਕਾਰੀ ਲਈ, MississaugaVotes.ca ਤੇ ਜਾਓ।

-30-

**ਮੀਡੀਆ ਸੰਪਰਕ:**

City of Mississauga ਮੀਡੀਆ ਰਿਲੇਸ਼ਨਸ
media@mississauga.ca
905-615-3200, ਐਕਸਟੈਨਸ਼ਨ 5232
TTY: 905-896-5151